# BC HANDS & VOICES

*"What works for your child is what makes the choice right."™*

BC HANDS & VOICES™

BC Hands & Voices is a parent-driven, non-profit organization dedicated to supporting families with children who are deaf or hard of hearing.



## Paying it Forward: Passing on Some "Golden Nuggets"

By Teresa Kazemir

## ਅਗਾਂਹ ਦੂਜਿਆਂ ਨੂੰ ਦੇਣਾ: ਕੁੱਝ "ਸੋਨੇ ਦੀਆਂ ਡਲੀਆਂ" ਸਾਂਝੀਆਂ ਕਰਨਾ

ਟੈਰੀਸਾ ਕੈਜ਼ਮੀਰ

ਅਸੀਂ ਆਪਣੇ ਤਿੰਨ ਬੱਚਿਆਂ ਨੂੰ ਕਿਸ ਤਰ੍ਹਾਂ ਪਾਲਿਆ, ਇਸ ਬਾਰੇ ਹੁਣ ਜਦੋਂ ਮੈਂ ਪਿੱਛੇ ਮੁੜ ਕੇ ਦੇਖਦੀ ਹਾਂ ਤਾਂ ਬਿਨਾਂ ਸ਼ੱਕ ਕਈ ਚੀਜ਼ਾਂ ਧਿਆਨ ਵਿੱਚ ਆਉਂਦੀਆਂ ਹਨ, ਜਿਹਨਾਂ ਨੂੰ ਅਸੀਂ ਵੱਖਰੇ ਢੰਗ ਨਾਲ ਕਰ ਸਕਦੇ ਸੀ। ਉਦਾਹਰਨ ਲਈ, ਉਹਨਾਂ ਦੇ ਪੈਨਕੇਕਾਂ ਵਿੱਚ ਸਬਜ਼ੀਆਂ ਲੁਕਾਉਣਾ ਚੰਗੀ ਗੱਲ ਸੀ, ਪਰ ਮੈਂ ਉਹਨਾਂ ਨੂੰ ਮਿੱਠਾ ਪੀ-ਨੱਟ ਬਟਰ ਦੇਣਾ ਕਿਉਂ ਸ਼ੁਰੂ ਕੀਤਾ?



ਮੈਂ ਸੋਚਦੀ ਹਾਂ ਕਿ ਸਾਡੇ ਕਈ ਦੋਸਤਾਂ ਦੇ ਮੁਕਾਬਲੇ ਅਸੀਂ ਬੱਚਿਆਂ ਦਾ ਪਾਲਣ ਪੋਸ਼ਣ ਕਰਨ ਵੱਲ ਜ਼ਿਆਦਾ ਧਿਆਨ ਦਿੰਦੇ ਸੀ ਕਿਉਂਕਿ ਸਾਡੇ ਪਹਿਲੇ ਬੱਚੇ, ਜੈਸੀ, ਨੂੰ ਉੱਚਾ ਸੁਣਦਾ ਸੀ। ਅਸੀਂ ਉਹਦੇ ਵਲੋਂ ਵੱਖਰਾ ਮਹਿਸੂਸ ਕਰਨ, ਦੂਜਿਆਂ ਵਲੋਂ ਉਹਨੂੰ ਆਪਣੇ 'ਚ ਸ਼ਾਮਲ ਨਾ ਕੀਤੇ ਜਾਣ, ਜਾਂ ਭੁਲੀ ਕੀਤੇ ਜਾਣ ਬਾਰੇ ਫਿਕਰ ਕਰਦੇ ਸੀ, ਇਸ ਲਈ ਅਸੀਂ ਦੂਜਿਆਂ ਤੋਂ ਸਲਾਹ ਲੈਂਦੇ ਸੀ। ਅਸੀਂ ਬੱਚੇ ਪਾਲਣ ਨਾਲ ਸੰਬੰਧਿਤ ਕਿਤਾਬਾਂ ਪੜ੍ਹੀਆਂ ਅਤੇ ਅਗੇਤੀ ਦਖਲਅੰਦਾਜ਼ੀ ਕਰਨ ਵਾਲੇ ਅਤੇ ਬੋਲੇ ਅਤੇ ਉੱਚਾ ਸੁਣਨ ਵਾਲੇ ਬੱਚਿਆਂ ਦੇ ਹੋਰ ਮਾਪਿਆਂ ਤੋਂ ਸਲਾਹਾਂ ਲਈਆਂ। ਅਸੀਂ ਉਹਨਾਂ ਬੱਚਿਆਂ ਅਤੇ ਬਾਲਗਾਂ ਤੋਂ ਸਿੱਖਣ ਦੇ ਮੌਕਿਆਂ ਦਾ ਫਾਇਦਾ ਵੀ ਉਠਾਇਆ ਜਿਹੜੇ ਆਪ ਬੋਲੇ ਸਨ ਜਾਂ ਜਿਹਨਾਂ ਨੂੰ ਆਪ ਉੱਚਾ ਸੁਣਦਾ ਸੀ। ਆਪਣਿਆਂ ਬੱਚਿਆਂ ਦਾ ਪਾਲਣ ਪੋਸ਼ਣ ਕਿਵੇਂ ਕਰਨਾ ਹੈ ਇਸ ਬਾਰੇ ਸਮਝਣਾ ਇਕ ਸਰਗਰਮ ਅਮਲ ਸੀ ਜਿਹੜਾ ਕਈ ਸਾਲਾਂ ਤੱਕ ਲਗਾਤਾਰ ਬਦਲਦਾ ਰਿਹਾ। ਇਹ ਪੱਕਾ ਹੈ ਕਿ ਅਸੀਂ ਸੰਪੂਰਨ ਮਾਪੇ ਨਹੀਂ ਸੀ, ਪਰ ਸਾਨੂੰ ਦੂਸਰਿਆਂ ਤੋਂ ਕਈ ਸਲਾਹਾਂ ਮਿਲੀਆਂ ਜੋ "ਸੋਨੇ ਦੀਆਂ ਡਲੀਆਂ" ਸਿੱਧ ਹੋਈਆਂ, ਜਿਹਨਾਂ ਨੂੰ ਮਾਪਿਆਂ ਦੀ ਅਗਲੀ ਪੀੜ੍ਹੀ ਤੱਕ ਪਹੁੰਚਾਉਣਾ ਫਾਇਦੇਮੰਦ ਹੋਵੇਗਾ।

### 1. ਬਾਲ ਉਮਰ ਤੋਂ ਹੀ ਸਮਝ ਆਉਣ ਯੋਗ ਸੰਚਾਰ ਦੇ ਅਮੀਰ ਢੰਗ ਵਰਤੋ

ਸਾਡੇ ਬੇਟੇ ਲਈ ਇਸ ਦਾ ਮਤਲਬ ਸ਼ੁਰੂ ਤੋਂ ਹੀ ਸਾਈਨ ਲੈਂਗੁਏਜ (ਸੰਕੇਤਕ ਬੋਲੀ) ਅਤੇ ਬੋਲਣ ਵਾਲੀ ਬੋਲੀ ਦੇ ਸੁਮੇਲ ਦੀ ਵਰਤੋਂ ਕਰਨਾ ਸੀ। ਅਸੀਂ ਜੋ ਕੁੱਝ ਵੀ ਉਸ ਦੇ ਦੁਆਲੇ ਵਾਪਰ ਰਿਹਾ ਸੀ, ਉਸ ਬਾਰੇ ਬੋਲ ਕੇ ਗੱਲਾਂ ਕਰਦੇ

We acknowledge the financial support of the Province of British Columbia.
ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਵਲੋਂ ਮਿਲੀ ਆਰਥਿਕ ਸਹਾਇਤਾ ਨੂੰ ਮਾਨਤਾ ਦਿੰਦੇ ਹਾਂ।

# Paying it Forward: Passing on Some "Golden Nuggets"

By Teresa Kazemir

ਅਤੇ ਸਾਈਨ ਲੈਂਗੁਏਜ ਦੀ ਵਰਤੋਂ ਕਰਦੇ ਅਤੇ ਉਸ ਨੇ ਇਸ ਸਭ ਕੁੱਝ ਜਜ਼ਬ ਕਰ ਲਿਆ। ਬੋਲੀ ਵਿੱਚ ਮਜ਼ਬੂਤ ਬੁਨਿਆਦ ਨੇ ਬਾਅਦ ਵਿੱਚ ਸਕੂਲ ਵਿੱਚ ਉਸ ਦੀ ਨਿਸ਼ਚਤ ਰੂਪ ਵਿੱਚ ਮਦਦ ਕੀਤੀ ਅਤੇ ਇਸ ਦੇ ਨਾਲ ਹੀ ਇਸ ਨੇ ਸਾਡੇ ਪਰਿਵਾਰ ਵਿੱਚ ਚੰਗੇ ਅਤੇ ਖੁੱਲ੍ਹੇ ਸੰਚਾਰ ਦੀ ਪਿਰਤ ਪਾਈ, ਕਿਉਂਕਿ ਅਸੀਂ ਕਿਸੇ ਵੀ ਚੀਜ਼ ਬਾਰੇ ਅਤੇ ਹਰ ਚੀਜ਼ ਬਾਰੇ ਗੱਲਬਾਤ ਕਰਦੇ ਸੀ।

## 2. ਟੈਲੀਵਿਜ਼ਨ ਅਤੇ ਪਿਛੋਕੜ ਦੇ ਸੰਗੀਤ ਨੂੰ ਬੰਦ ਕਰ ਦਿਉ

ਜਦੋਂ ਜੈਸੀ ਅਜੇ ਛੋਟਾ ਹੀ ਸੀ, ਉਦੋਂ ਤੋਂ ਹੀ ਇਹ ਸਪਸ਼ਟ ਹੋ ਗਿਆ ਸੀ ਕਿ ਜੈਸੀ ਸੁਣਨਾ ਅਤੇ ਦੇਖਣਾ ਪਸੰਦ ਕਰਦਾ ਸੀ, ਇਸ ਲਈ ਸ਼ੁਰੂ ਵਿੱਚ ਹੀ ਸਾਨੂੰ ਜਿਹੜੀ ਇਕ ਵੱਡੀ ਤਬਦੀਲੀ ਕਰਨੀ ਪਈ, ਉਹ ਸੀ ਉਸ ਸਮੇਂ ਬਾਰੇ ਜ਼ਿਆਦਾ ਧਿਆਨ ਦੇਣਾ ਜਦੋਂ ਅਸੀਂ ਪਿਛੋਕੜ ਵਿੱਚ ਸੰਗੀਤ ਵਜਾਉਂਦੇ ਸੀ ਅਤੇ ਟੈਲੀਵਿਜ਼ਨ ਲਾਉਂਦੇ ਸੀ। ਅਸੀਂ ਸਮਝ ਲਿਆ ਕਿ ਬੇਸ਼ੱਕ ਸਾਨੂੰ ਸੰਗੀਤ ਪਸੰਦ ਸੀ, ਪਰ ਇਹ ਉਸ ਸਮੇਂ ਸਾਡੀਆਂ ਅਵਾਜ਼ਾਂ ਵਿੱਚ ਰੁਕਾਵਟ ਪਾਉਂਦਾ ਸੀ ਜਦੋਂ ਅਸੀਂ ਆਪਣੇ ਬੱਚੇ ਨਾਲ ਗੱਲ ਕਰਦੇ ਸੀ। ਅਸੀਂ ਇਸ ਦੇ ਹੱਲ ਲੱਭ ਲਏ - ਅਸੀਂ ਜੈਸੀ ਨਾਲ ਸੰਗੀਤ ਸੁਣਦੇ ਸੀ, ਪਰ ਜਦੋਂ ਕਿਤਾਬ ਪੜ੍ਹਨ ਦਾ ਸਮਾਂ ਹੁੰਦਾ ਸੀ ਤਾਂ ਅਸੀਂ ਸੰਗੀਤ ਨੂੰ ਬੰਦ ਕਰ ਦਿੰਦੇ। ਅਸੀਂ ਇਹ ਵੀ ਜਾਣ ਲਿਆ ਕਿ ਜਦੋਂ ਅਸੀਂ ਪਿਛੋਕੜ ਦੇ ਰੌਲੇ ਦੇ ਪੱਧਰ ਨੂੰ ਕੰਟਰੋਲ ਨਹੀਂ ਕਰ ਸਕਦੇ ਸੀ, ਉਸ ਸਮੇਂ ਸਾਈਨ ਲੈਂਗੁਏਜ਼ ਵਿੱਚ ਗੱਲ ਕਰਨਾ ਕੁਦਰਤੀ ਹੀ ਉਹ ਖੱਪੇ ਭਰ ਦਿੰਦਾ ਸੀ ਜਿਹੜੇ ਖੱਪੇ ਸਾਡੇ ਵੱਲੋਂ ਬੋਲ ਕੇ ਕੀਤੀਆਂ ਗੱਲਾਂ ਨਾ ਸੁਣਨ ਕਾਰਨ ਪੈਦਾ ਹੁੰਦੇ ਸਨ।

## 3. ਛੋਟੀ ਉਮਰ ਤੋਂ ਹੀ ਆਪਣੇ ਬੱਚੇ ਨੂੰ ਆਪਣੀ ਹਿਮਾਇਤ ਆਪ ਕਰਨ ਲਈ ਉਤਸ਼ਾਹ ਦਿਉ

ਇਸ ਦੀ ਸ਼ੁਰੂਆਤ ਦੂਜੇ ਲੋਕਾਂ ਨੂੰ ਜੈਸੀ ਦਾ ਸੁਣਨ ਵਾਲਾ ਸਾਜ਼-ਸਾਮਾਨ (ਹੀਅਰਿੰਗ ਇਕੁਇਪਮੈਂਟ) ਦਿਖਾਉਂਦੇ ਸਮੇਂ ਜਾਂ ਉਸ ਬਾਰੇ ਸਵਾਲਾਂ ਦੇ ਜੁਆਬ ਦਿੰਦੇ ਸਮੇਂ ਖੁੱਲ੍ਹ ਕੇ ਅਤੇ ਹਾਂ-ਪੱਖੀ ਢੰਗ ਨਾਲ ਗੱਲਬਾਤ ਕਰਨ ਨਾਲ ਹੋਈ। ਅਸੀਂ ਉਸ ਨੂੰ ਇਹਨਾਂ ਗੱਲਾਂਬਾਤਾਂ ਵਿੱਚ ਆਪਣਾ ਉਨਾ ਕੁ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ ਜਿੰਨਾ ਕੁ ਵੀ ਯੋਗਦਾਨ ਉਹ ਪਾ ਸਕਦਾ ਸੀ। ਸ਼ੁਰੂ ਵਿੱਚ ਅਸੀਂ ਉਸ ਨੂੰ ਲੋਕਾਂ ਨੂੰ ਆਪਣੀ ਹੀਅਰਿੰਗ ਏਡ ਦਿਖਾਉਣ ਲਈ ਕਿਹਾ। ਫਿਰ ਅਸੀਂ ਉਸ ਨੂੰ ਦੂਜਿਆਂ ਨੂੰ ਉਹਨਾਂ ਚੀਜ਼ਾਂ ਬਾਰੇ ਦੱਸਣ ਲਈ ਕਿਹਾ, ਜੋ ਉਸ ਨੇ ਪਾਈਆਂ ਹੁੰਦੀਆਂ ਸਨ - "ਇਹ ਮੇਰੀ ਹੀਅਰਿੰਗ ਏਡ ਹੈ"। ਸਮਾਂ ਪਾ ਕੇ ਉਹ ਇਸ ਵਿੱਚ ਹੋਰ ਜਾਣਕਾਰੀ ਰਲਾਉਂਦਾ ਰਿਹਾ, ਅਤੇ ਅਖੀਰ ਵਿੱਚ ਉਹ ਇਹ ਸਾਰੀ ਗੱਲਬਾਤ ਆਪ ਕਰਨ ਲੱਗਾ ਅਤੇ ਅਸੀਂ ਉਹ ਗੱਲ ਹੀ ਕਰਦੇ ਜਿਹੜੀ ਉਹ ਦੱਸਣੀ ਭੁੱਲ ਜਾਂਦਾ। ਇਸ ਦਿਨ ਤੱਕ ਜੈਸੀ ਆਪਣੇ ਕੰਨਾਂ, ਹੀਅਰਿੰਗ ਏਡਜ਼, ਪਹੁੰਚ ਆਦਿ ਬਾਰੇ ਗੱਲ ਕਰਨ ਵਿੱਚ ਠੀਕ ਮਹਿਸੂਸ ਕਰਦਾ ਹੈ।

## 4. ਛੋਟੀ ਉਮਰ ਵਿੱਚ ਹੀ ਪੜ੍ਹਨ ਦੀਆਂ ਸਰਗਰਮੀਆਂ ਸ਼ੁਰੂ ਕਰੋ

ਜਦੋਂ ਜੈਸੀ ਬੇਬੀ ਸੀ, ਉਸ ਸਮੇਂ ਬੋਲੇ ਅਤੇ ਉੱਚਾ ਸੁਣਨ ਵਾਲੇ ਬੱਚਿਆਂ ਬਾਰੇ ਕਈ ਡਰਾਉਣੇ ਆਰਟੀਕਲ ਚਰਚਾ ਵਿੱਚ ਸਨ ਕਿ ਉਹ ਹਾਈ ਸਕੂਲ ਵਿੱਚੋਂ ਪੜ੍ਹਨ ਦੇ ਬਹੁਤ ਹੀ ਨੀਵੇ ਪੱਧਰਾਂ ਨਾਲ ਗ੍ਰੈਜੂਏਟ ਹੁੰਦੇ ਸਨ। ਇਸ ਨੇ ਸਾਨੂੰ ਪੜ੍ਹਨ ਦੇ ਪੱਖ ਤੋਂ ਕੰਮ ਕਰਨ ਅਤੇ ਇਹ ਸੋਚਣ ਲਈ ਉਤਸ਼ਾਹਿਤ ਕੀਤਾ ਕਿ ਅਸੀਂ ਉਸ ਵਿੱਚ ਛੋਟੀ ਉਮਰ ਤੋਂ ਹੀ ਪੜ੍ਹਨ ਦਾ ਸ਼ੌਕ ਪੈਦਾ ਕਰਨ ਲਈ ਕੀ ਕਰ ਸਕਦੇ ਹਾਂ। ਜੈਸੀ ਦੇ ਜਨਮ ਤੋਂ ਪਹਿਲਾਂ ਮੈਂ ਕਦੇ ਇਹ ਨਹੀਂ ਸੋਚਿਆ ਸੀ ਕਿ ਛੋਟੇ ਬੱਚਿਆਂ ਵਿੱਚ ਪੜ੍ਹਨ ਦਾ ਸ਼ੌਕ ਪੈਦਾ ਕਰਨ ਲਈ ਕਿੰਨੇ ਮੌਕੇ ਉਪਲਬਧ ਹਨ, ਪਰ ਫਿਰ ਸਾਨੂੰ ਪਤਾ ਲੱਗਾ ਕਿ ਇਹ ਕਰਨ ਦੇ ਕਈ ਢੰਗ ਹਨ। ਜਦੋਂ ਉਹ ਅਜੇ ਬਾਲ ਹੀ ਸੀ, ਅਸੀਂ ਰਲ ਕੇ ਕਿਤਾਬਾਂ ਦੇਖਣੀਆਂ ਸ਼ੁਰੂ ਕੀਤੀਆਂ ਅਤੇ ਇਸ ਨੂੰ ਆਪਣੀਆਂ ਰੋਜ਼ਾਨਾ ਸਰਗਰਮੀਆਂ ਦਾ ਹਿੱਸਾ ਬਣਾ ਲਿਆ। ਅਸੀਂ ਲਾਇਬ੍ਰੇਰੀ ਦਾ ਕਾਰਡ ਬਣਾਇਆ ਅਤੇ ਹਰ ਹਫਤੇ ਕਿਤਾਬਾਂ ਕੱਢਵਾਉਣੀਆਂ ਸ਼ੁਰੂ ਕਰ ਦਿੱਤੀਆਂ। ਬੱਚਿਆਂ ਦੇ ਆਰਟਵਰਕ ਦੀ ਹਰ ਇਕ ਚੀਜ਼ 'ਤੇ ਜੈਸੀ ਦਾ ਨਾਂ ਲਿੱਖ ਦਿੱਤਾ। ਇਹ ਗੱਲ ਸੱਚਮੁੱਚ ਹੀ ਅੱਖਾਂ ਖੋਲ੍ਹਣ ਵਾਲੀ ਸੀ ਜਦੋਂ ਢਾਈ ਸਾਲਾਂ ਦੇ ਜੈਸੀ ਨੇ, ਮੇਰੇ ਪਤੀ ਨਾਲ ਕਾਰ ਵਿੱਚ ਬੈਠਿਆਂ, ਇਕ ਸਾਈਨ ਵੱਲ ਹੈਰਾਨੀ ਨਾਲ ਦੇਖਦਿਆਂ ਇਸ਼ਾਰਾ ਕੀਤਾ ਅਤੇ ਕਿਹਾ, "ਹਰ ਥਾਂ 'ਤੇ ਅੱਖਰ ਹਨ!!!" ਇਸ ਨਾਲ ਸਟੋਰ ਸਟੋਰ ਖੇਡਦਿਆਂ ਆਪਣੇ ਖੁਦ ਦੇ ਸਾਈਨ

We acknowledge the financial support of the Province of British Columbia.
ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਵਲੋਂ ਮਿਲੀ ਆਰਥਿਕ ਸਹਾਇਤਾ ਨੂੰ ਮਾਨਤਾ ਦਿੰਦੇ ਹਾਂ।

Paying it Forward: Passing on Some "Golden Nuggets"

By Teresa Kazemir

ਬਣਾਉਣ, ਗਰੌਸਰੀ ਦੀ ਲਿਸਟ 'ਤੇ ਰਲ ਕੇ ਸ਼ਬਦ ਲਿਖਣ ਅਤੇ ਗ੍ਰੈਂਡ-ਪੇਰੈਂਟਸ ਨੂੰ ਚਿੱਠੀਆਂ ਲਿਖਣ ਦੀ ਸ਼ੁਰੂਆਤ ਹੋਈ। ਸਾਨੂੰ ਅਹਿਸਾਸ ਹੋਇਆ ਕਿ ਜੈਸੀ ਨੇ ਠੀਕ ਕਿਹਾ ਸੀ - ਹਰ ਥਾਂ 'ਤੇ ਅੱਖਰ ਹਨ।

**5. ਇਹ ਸਮਝੋ ਕਿ ਉਦਾਸੀ ਜਾਂ ਮਾਯੂਸੀ ਦਾ ਪ੍ਰਗਟਾਵਾ ਕਰਨਾ ਓ ਕੇ ਹੈ।**

ਬੇਸ਼ੱਕ ਜੈਸੀ ਦਾ ਕਹਿਣਾ ਹੈ ਕਿ ਵੱਡੇ ਹੋਣ ਦੇ ਅਮਲ ਦੌਰਾਨ ਉਸ ਦੀ ਸੁਣਨ ਸ਼ਕਤੀ ਦੇ ਵੱਖਰੇਪਣ ਕਾਰਨ ਜ਼ਿਆਦਾ ਤਰ ਨਾਂਹ-ਪੱਖੀ ਦੀ ਥਾਂ ਹਾਂ-ਪੱਖੀ ਮੇਲਜੋਲ ਅਤੇ ਮੌਕੇ ਪੈਦਾ ਹੋਏ ਹਨ, ਇਸ ਦਾ ਮਤਲਬ ਇਹ ਨਹੀਂ ਕਿ ਅਜਿਹੇ ਸਮੇਂ ਨਹੀਂ ਆਏ ਜਦੋਂ ਉਸ ਨੇ ਮਾਯੂਸ ਜਾਂ ਉਦਾਸ ਮਹਿਸੂਸ ਨਹੀਂ ਕੀਤਾ ਸੀ। ਸਾਨੂੰ ਇਹ ਸਲਾਹ ਦਿੱਤੀ ਗਈ ਸੀ ਕਿ ਉਸ ਦੀਆਂ ਭਾਵਨਾਵਾਂ ਨੂੰ ਸਵੀਕਾਰ ਕਰਨਾ ਅਤੇ ਉਸ ਨੂੰ ਇਹ ਦੱਸਣਾ ਕਿ ਅਜਿਹਾ ਮਹਿਸੂਸ ਕਰਨਾ ਠੀਕ ਸੀ। ਮੈਨੂੰ ਹਮੇਸ਼ਾਂ ਹੀ ਇਹ ਪਤਾ ਨਹੀਂ ਹੁੰਦਾ ਸੀ ਕਿ ਇਸ ਤਰ੍ਹਾਂ ਕਿਵੇਂ ਕਰਨਾ ਹੈ, ਪਰ ਅਸੀਂ ਇਸ ਵਿੱਚ ਦੀ ਲੰਘ ਗਏ। ਇਮਾਨਦਾਰੀ ਨਾਲ, ਉਹ ਜਦੋਂ ਵੀ ਉਦਾਸ ਹੁੰਦਾ ਸੀ, ਮੈਂ ਉਸ ਸਲਾਹ ਨੂੰ ਯਾਦ ਕਰਦਿਆਂ, ਡੂੰਘਾ ਸਾਹ ਲੈਂਦੀ ਸੀ, ਆਪਣੇ ਕੁਦਰਤੀ ਪ੍ਰਤੀਕਰਮ ਨੂੰ ਇਕ ਪਾਸੇ ਕਰਕੇ, ਉਹਨਾਂ ਭਾਵਨਾਵਾਂ ਨਾਲ ਕੁੱਝ ਦੇਰ ਬੈਠਦੀ ਸੀ। ਖੁਸ਼ਕਿਸਮਤੀ ਨਾਲ ਕੁੱਝ ਮਿੰਟ ਗੱਲਾਂ ਕਰਨ ਤੋਂ ਬਾਅਦ ਉਹ ਚੰਗੇ ਰੌਂਅ ਵਿੱਚ ਆ ਜਾਂਦਾ ਸੀ, ਅਤੇ ਮੈਂ ਆਪਣੀ ਸੁਵਿਧਾਜਨਕ ਅਵਸਥਾ ਵਿੱਚ ਆ ਕੇ ਆਰਾਮਦੇਹ ਮਹਿਸੂਸ ਕਰਨ ਲੱਗਦੀ ਸੀ।

**6. ਬੋਲੇ ਅਤੇ ਉੱਚਾ ਸੁਣਨ ਵਾਲੇ ਬੱਚਿਆਂ ਵਾਲੇ ਪਰਿਵਾਰਾਂ ਨੂੰ ਮਿਲਣ ਦੇ ਮੌਕਿਆਂ ਨੂੰ ਪਹਿਲ ਦਿਉ**

ਆਪਣੇ ਅਗੇਤੀ ਦਖਲਅੰਦਾਜ਼ੀ ਕਰਨ ਵਾਲਿਆਂ ਤੋਂ ਅਸੀਂ ਇਹ ਸੁਨੇਹਾ ਉੱਚੀ ਅਤੇ ਸਪਸ਼ਟ ਅਵਾਜ਼ ਵਿੱਚ ਸੁਣਿਆ, ਅਤੇ ਅਸੀਂ ਜਦੋਂ ਵੀ ਕਰ ਸਕਦੇ ਸੀ ਉਦੋਂ ਪਰਿਵਾਰਕ ਸਮਾਗਮਾਂ ਅਤੇ ਗਰੁੱਪਾਂ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕੀਤੀ। ਜੈਸੀ ਦੇ ਵੱਡਾ ਹੋਣ 'ਤੇ ਇਹ ਸਕੂਲ ਵਿੱਚਲੀਆਂ ਕੁੱਝ ਸ਼ੁਗਲ ਮੇਲੇ ਦੀਆਂ ਸਰਗਰਮੀਆਂ, ਜਿਹਨਾਂ ਵਿੱਚ ਉਸ ਦੇ ਬੋਲਿਆਂ ਅਤੇ ਉੱਚਾ ਸੁਣਨ ਵਾਲਿਆਂ ਦੇ ਅਧਿਆਪਕ ਸਕੂਲ ਜ਼ਿਲ੍ਹੇ ਵਿੱਚੋਂ ਕੁੱਝ ਕੁ ਬੱਚਿਆਂ ਨੂੰ ਬੁਲਾਉਂਦੇ ਸਨ, ਦੇ ਨਾਲ ਨਾਲ ਸਾਲ ਵਿੱਚ ਕੁੱਝ ਕੁ ਪਰਿਵਾਰਕ ਸਮਾਗਮਾਂ ਵਿੱਚ ਜਾਣ ਦੀ ਗੱਲ ਬਣ ਗਈ (ਜਿਹੜੇ ਸਾਡੇ ਦੂਜੇ ਦੋ ਬੱਚਿਆਂ ਲਈ ਵੀ ਚੰਗੀ ਗੱਲ ਸੀ)। ਭਾਵੇਂ ਕਿ ਜੈਸੀ ਕਿਸੇ ਅਜਿਹੇ ਖਾਸ ਦੋਸਤ ਦੇ ਨੇੜੇ ਨਹੀਂ ਆਇਆ ਜਿਹੜਾ ਬੋਲਾ ਸੀ ਜਾਂ ਜਿਸ ਨੂੰ ਉੱਚਾ ਸੁਣਦਾ ਸੀ, ਫਿਰ ਵੀ ਇਹਨਾਂ ਤਜਰਬਿਆਂ ਨੇ ਉਸ ਨੂੰ ਕੁੱਝ ਮਹੱਤਵਪੂਰਨ ਚੀਜ਼ਾਂ ਪ੍ਰਦਾਨ ਕੀਤੀਆਂ। ਮੈਨੂੰ ਯਾਦ ਹੈ ਕਿ ਜਦੋਂ ਉਹ ਬਾਰਾਂ ਸਾਲਾਂ ਦਾ ਸੀ ਤਾਂ ਇਕ ਪਰਿਵਾਰਕ ਕਾਨਫਰੰਸ ਵਿੱਚ ਸ਼ਾਮਲ ਹੋਣ ਤੋਂ ਬਾਅਦ ਉਸ ਨੇ ਕਿਹਾ ਸੀ ਕਿ ਇਹਨਾਂ ਲੋਕਾਂ ਨੂੰ ਮਿਲਣਾ ਹਮੇਸ਼ਾਂ ਹੀ ਚੰਗਾ ਲੱਗਦਾ ਹੈ ਕਿਉਂਕਿ ਬਾਕੀ ਦੇ ਸਾਰੇ ਬੱਚਿਆਂ ਨੂੰ "ਗੱਲ ਇਕਦਮ ਸਮਝ ਆ ਜਾਂਦੀ ਹੈ"। ਉਸ ਨੇ ਕਿਹਾ ਕਿ ਇਹ ਬਹੁਤ ਵਧੀਆ ਹੈ ਉਸ ਨੂੰ ਕੋਈ ਗੱਲ ਸਮਝਾਉਣੀ ਨਹੀਂ ਪੈਂਦੀ। ਮੇਰਾ ਖਿਆਲ ਹੈ ਕਿ ਉਹ ਸਮਾਗਮ ਉਸ ਨੂੰ ਤਰੋਤਾਜ਼ਾ ਕਰ ਦਿੰਦੇ ਸਨ ਅਤੇ ਉਹ ਇਕ ਵਾਰ ਫਿਰ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਜਾ ਕੇ ਖੁਸ਼ ਹੁੰਦਾ ਸੀ। ਮਾਪਿਆਂ ਵਜੋਂ ਅਸੀਂ ਦੂਜੇ ਮਾਪਿਆਂ ਨਾਲ ਜੁੜਨ ਦੇ ਉਹਨਾਂ ਮੌਕਿਆਂ ਦੀ ਬਹੁਤ ਜ਼ਿਆਦਾ ਕਦਰ ਕਰਦੇ ਸੀ। ਉਹਨਾਂ ਨਾਲ ਇਕਦਮ ਨਾਤਾ ਬਣ ਜਾਂਦਾ ਸੀ- ਇਹ ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਤੁਸੀਂ ਆਪਣੇ ਵਾਲੀ ਸਥਿਤੀ ਵਿਚਲੇ ਕਿਸੇ ਹੋਰ ਮਾਪੇ ਨਾਲ ਕਿੰਨੀ ਤੇਜ਼ੀ ਨਾਲ ਜੁੜ ਸਕਦੇ ਹੋ ਅਤੇ ਅਸਲੀ ਅਤੇ ਦਿਲ ਨੂੰ ਨਿੱਘ ਦੇਣ ਵਾਲੀ ਗੱਲਬਾਤ ਸ਼ੁਰੂ ਕਰ ਸਕਦੇ ਹੋ। ਸਾਨੂੰ ਮਿਲਣ ਵਾਲੇ ਸਮਰਥਨ ਅਤੇ ਪ੍ਰੈਕਟੀਕਲ ਸਲਾਹ ਮਸ਼ਵਰੇ ਦਾ ਬਹੁਤਾ ਹਿੱਸਾ ਦੂਜੇ ਮਾਪਿਆਂ ਤੋਂ ਮਿਲਿਆ ਹੈ।

ਮੇਰੇ ਬੱਚੇ ਹੋਣ ਤੋਂ ਪਹਿਲਾਂ ਜਿਵੇਂ ਮੈਂ ਸੋਚਦੀ ਸੀ, ਮਾਪੇ ਬਣਨ ਦਾ ਅਮਲ ਉਸ ਤੋਂ ਕਾਫੀ ਜ਼ਿਆਦਾ ਗੁੰਝਲਦਾਰ ਹੈ। ਇਹ ਡਰਾਉਣਾ, ਨਿਮਰ ਕਰਨ ਵਾਲਾ, ਹੈਰਾਨਕੁੰਨ ਅਤੇ ਖੁਸ਼ੀ ਦੇਣ ਵਾਲਾ ਹੋ ਸਕਦਾ ਹੈ - ਕਈ ਵਾਰੀ ਇਕੋ ਸਮੇਂ ਇਹ ਸਭ ਕੁੱਝ ਵਾਲਾ! ਮਾਪਿਆਂ ਵਜੋਂ ਅਸੀਂ ਉਹ ਹੀ ਕਰ ਸਕਦੇ ਹਾਂ ਜੋ ਅਸੀਂ ਕਰਨ ਦੇ ਯੋਗ ਹੋਈਏ, ਅਤੇ ਫਿਰ ਜਿਹੜੀ ਚੀਜ਼ ਨੇ ਕੰਮ ਕੀਤਾ ਹੋਵੇ ਉਹ ਦੂਜਿਆਂ ਨੂੰ ਦੇ ਕੇ, ਉਹਨਾਂ ਦੀ ਮਦਦ ਕਰ ਸਕਦੇ ਹਾਂ। ਇਹ ਕੁੱਝ ਕੁ "ਸੋਨੇ ਦੀਆਂ ਡਲੀਆਂ" ਹਨ ਜਿਹੜੀਆਂ ਅਸੀਂ ਆਪਣੇ ਸਫਰ ਦੌਰਾਨ ਇਕੱਤਰ ਕੀਤੀਆਂ ਹਨ- ਮੈਨੂੰ ਯਕੀਨ ਹੈ ਕਿ ਦੂਸਰੇ ਲੋਕ ਇਸ ਲਿਸਟ ਵਿੱਚ ਵਾਧਾ ਕਰ ਸਕਦੇ ਹਨ!

We acknowledge the financial support of the Province of British Columbia.
ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਵਲੋਂ ਮਿਲੀ ਆਰਥਿਕ ਸਹਾਇਤਾ ਨੂੰ ਮਾਨਤਾ ਦਿੰਦੇ ਹਾਂ।